# ਨਵੇਂ ਸੋਸ਼ਲ ਸਟੱਡੀਜ਼ (social studies) ਪਾਠਕ੍ਰਮ ਬਾਰੇ ਅਲਬਰਟਾ ਵਾਸੀਆਂ ਨਾਲ ਗੱਲ ਕਰਨਾ

18 ਸਤੰਬਰ, 2023 ਮੀਡੀਆ ਪੁੱਛਗਿੱਛ

## ਅਲਬਰਟਾ ਦੀ ਸਰਕਾਰ ਕਿੰਡਰਗਾਰਟਨ ਨੂੰ ਗ੍ਰੇਡ 6 (K-6) ਦੇ ਸੋਸ਼ਲ ਸਟੱਡੀਜ਼ ਪਾਠਕ੍ਰਮ ਨੂੰ ਮੁੜ ਡਿਜ਼ਾਈਨ ਕਰਨ ਲਈ ਅਲਬਰਟਾ ਵਾਸੀਆਂ ਅਤੇ ਸਿੱਖਿਆ ਭਾਈਵਾਲਾਂ ਨੂੰ ਸ਼ਾਮਲ ਕਰਨ ਲਈ ਇੱਕ ਪਾਰਦਰਸ਼ੀ ਅਤੇ ਸਹਿਯੋਗੀ ਪ੍ਰਕਿਰਿਆ ਸ਼ੁਰੂ ਕਰ ਰਹੀ ਹੈ।

ਪਿਛਲੇ ਦੋ ਸਾਲਾਂ ਵਿੱਚ ਅਲਬਰਟਾ ਵਾਸੀਆਂ ਦੁਆਰਾ ਪ੍ਰਦਾਨ ਕੀਤੇ ਗਏ ਕੀਮਤੀ ਫੀਡਬੈਕ ਦੀ ਵਰਤੋਂ ਕਰਦੇ ਹੋਏ, ਅਲਬਰਟਾ ਐਜੂਕੇਸ਼ਨ K-6 ਸੋਸ਼ਲ ਸਟੱਡੀਜ਼ ਪਾਠਕ੍ਰਮ ਨੂੰ ਮੁੜ ਡਿਜ਼ਾਇਨ ਕਰ ਰਹੀ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਸਮੱਗਰੀ ਵਿਦਿਆਰਥੀਆਂ ਦੀ ਆਲੋਚਨਾਤਮਕ ਸੋਚ ਅਤੇ ਸੰਚਾਰ ਹੁਨਰਾਂ ਨੂੰ ਵਿਕਸਤ ਕਰਦੀ ਹੈ, ਇੰਡਿਜਨਸ, ਬਹੁ-ਸੱਭਿਆਚਾਰਕ ਅਤੇ ਫ੍ਰੈਂਕੋਫੋਨ ਦ੍ਰਿਸ਼ਟੀਕੋਣਾਂ ਨੂੰ ਵਧਾਉਂਦੀ ਹੈ ਅਤੇ ਉਮਰ ਅਤੇ ਵਿਕਾਸ ਲਈ ਢੁਕਵੀਂ ਹੈ। ਮੁੜ ਕੇ ਲਿਖਣ ਦੀ ਪ੍ਰਕਿਰਿਆ ਨੂੰ ਸੂਚਿਤ ਕਰਨ ਲਈ, ਮੰਤਰਾਲਾ ਇੱਕ ਵਿਆਪਕ ਅਤੇ ਪੜਾਅਵਾਰ ਪਹੁੰਚ ਦੁਆਰਾ ਅਲਬਰਟਾ ਵਾਸੀਆਂ ਅਤੇ ਸਿੱਖਿਆ ਭਾਈਵਾਲਾਂ ਨਾਲ ਜੁੜ ਰਿਹਾ ਹੈ।

"ਸੋਸ਼ਲ ਸਟੱਡੀਜ਼ ਅਲਬਰਟਾ ਦੇ K-12 ਪਾਠਕ੍ਰਮ ਦਾ ਇੱਕ ਮਹੱਤਵਪੂਰਨ ਹਿੱਸਾ ਹੈ, ਜਿਸ ਕਰਕੇ ਮੈਨੂੰ ਅਲਬਰਟਾ ਦੇ ਲੋਕਾਂ ਨਾਲ ਜੁੜਨ ਲਈ ਇੱਕ ਨਵੀਂ ਯੋਜਨਾ ਦਾ ਐਲਾਨ ਕਰਨ ਵਿੱਚ ਮਾਣ ਹੈ। ਸਿੱਖਿਆ ਮੰਤਰੀ ਹੋਣ ਦੇ ਨਾਤੇ, ਮੈਂ ਅਜਿਹੇ ਸੋਸ਼ਲ ਸਟੱਡੀਜ਼ ਪਾਠਕ੍ਰਮ ਦੀ ਕਲਪਨਾ ਕਰਦਾ ਹਾਂ ਜੋ ਵਿਦਿਆਰਥੀਆਂ ਨੂੰ ਵਿਚਾਰਾਂ ਨੂੰ ਸਪਸ਼ਟ ਕਰਨ ਅਤੇ ਵਿਭਿੰਨ ਵਿਸ਼ਵ ਦ੍ਰਿਸ਼ਟੀਕੋਣਾਂ ਨੂੰ ਸਮਝਣ ਦੀ ਉਹਨਾਂ ਦੀ ਯੋਗਤਾ ਨੂੰ ਵਧਾਉਣ ਵਿੱਚ ਮਦਦ ਕਰਨ ਦੇ ਨਾਲ ਹੀ ਮਹੱਤਵਪੂਰਨ ਜੀਵਨ ਹੁਨਰਾਂ ਜਿਵੇਂ ਕਿ ਸਮੱਸਿਆ-ਹੱਲ ਕਰਨ ਅਤੇ ਆਲੋਚਨਾਤਮਕ ਸੋਚ ਨੂੰ ਵਿਕਸਤ ਕਰਨ ਲਈ ਸ਼ਕਤੀ ਪ੍ਰਦਾਨ ਕਰੇਗਾ। ਮੈਨੂੰ ਯਕੀਨ ਹੈ ਕਿ ਅਧਿਆਪਕਾਂ, ਮਾਤਾ-ਪਿਤਾ, ਇੰਡਿਜਨਸ, ਮੈਟੀ, ਬਹੁ-ਸੱਭਿਆਚਾਰਕ ਅਤੇ ਫ੍ਰੈਂਕੋਫੋਨ ਨੇਤਾਵਾਂ, ਵਿਸ਼ਾ ਵਸਤੂ ਮਾਹਿਰਾਂ, ਸਕੂਲ ਬੋਰਡਾਂ ਅਤੇ ਹੋਰ ਲੋਕਾਂ ਨਾਲ ਇਹ ਸ਼ਮੂਲੀਅਤ ਪ੍ਰਕਿਰਿਆ ਇੱਕ ਵਿਆਪਕ ਪਾਠਕ੍ਰਮ ਤਿਆਰ ਕਰੇਗੀ ਜੋ ਸਾਡੇ ਵਿਦਿਆਰਥੀਆਂ ਨੂੰ ਜੀਵਨ ਭਰ ਸਫਲਤਾ ਲਈ ਤਿਆਰ ਕਰੇਗੀ।"

*ਡਿਮੇਟ੍ਰੀਓਸ ਨਿਕੋਲਾਈਡਸ, ਐਜੁਕੇਸ਼ਨ ਮੰਤਰੀ*

ਇਸ ਗਰਮੀ ਦੇ ਸ਼ੁਰੂ ਵਿੱਚ, ਸਿੱਖਿਆ ਮੰਤਰੀ ਨੇ ਭਵਿੱਖ ਦੇ ਪਾਠਕ੍ਰਮ ਦੇ ਵਿਕਾਸ ਲਈ ਨਵੀਂ ਸ਼ਮੂਲੀਅਤ ਪਹੁੰਚ ਅਤੇ ਪ੍ਰਕਿਰਿਆ ਦੀ ਸਮਝ ਬਣਾਉਣ ਲਈ ਵੱਖ-ਵੱਖ ਸਿੱਖਿਆ ਭਾਈਵਾਲਾਂ ਨਾਲ ਮੁਲਾਕਾਤ ਕੀਤੀ।

ਅਲਬਰਟਾ ਐਜੂਕੇਸ਼ਨ ਸ਼ਮੂਲੀਅਤ ਦੇ ਅਗਲੇ ਪੜਾਅ ਦੀ ਸ਼ੁਰੂਆਤ ਕਰ ਰਹੀ ਹੈ ਅਤੇ ਇੱਕ ਸਰਵੇਖਣ ਅਤੇ ਔਨਲਾਈਨ ਚਰਚਾ ਗਾਈਡ, ਜੋ 16 ਅਕਤੂਬਰ ਤੱਕ ਉਪਲਬਧ ਹੋਵੇਗੀ, ਰਾਹੀਂ ਅਲਬਰਟਾ ਵਾਸੀਆਂ ਤੋਂ ਇਸ ਬਾਰੇ ਜਾਣਕਾਰੀ ਇਕੱਠੀ ਕਰੇਗੀ ਕਿ ਅਲਬਰਟਾ ਦੇ ਵਿਦਿਆਰਥੀਆਂ ਨੂੰ ਸੋਸ਼ਲ ਸਟੱਡੀਜ਼ ਪਾਠਕ੍ਰਮ ਵਿੱਚ ਕੀ ਸਿੱਖਣਾ ਚਾਹੀਦਾ ਹੈ।

ਇਸ ਫੌਲ ਵਿੱਚ, ਅਲਬਰਟਾ ਐਜੂਕੇਸ਼ਨ K-12 ਸੋਸ਼ਲ ਸਟੱਡੀਜ਼ ਪਾਠਕ੍ਰਮ ਦੇ ਦਾਇਰੇ ਅਤੇ ਕ੍ਰਮ ਅਤੇ K-6 ਸੋਸ਼ਲ ਸਟੱਡੀਜ਼ ਪਾਠਕ੍ਰਮ ਡਰਾਫਟ ਦੀ ਸਮੱਗਰੀ ਦੇ ਵਿਕਾਸ ਬਾਰੇ ਸੂਚਿਤ ਕਰਨ ਲਈ ਸਿੱਖਿਆ ਭਾਗੀਦਾਰਾਂ, ਸਿੱਖਿਅਕਾਂ, ਬਹੁ-ਸੱਭਿਆਚਾਰਕ ਸੰਸਥਾਵਾਂ, ਇੰਡਿਜਨਸ ਅਤੇ ਫ੍ਰੈਂਕੋਫੋਨ ਭਾਈਚਾਰਿਆਂ ਅਤੇ ਹੋਰ ਸਿੱਖਿਆ ਮਾਹਿਰਾਂ ਨਾਲ ਮੁਲਾਕਾਤ ਕਰੇਗੀ। ਪਾਠਕ੍ਰਮ ਦਾ ਦਾਇਰਾ ਅਤੇ ਕ੍ਰਮ ਪਾਠਕ੍ਰਮ ਡਿਵੈਲਪਰਾਂ ਲਈ ਇੱਕ ਯੋਜਨਾ ਸੰਦ ਹੈ ਜੋ ਕਿੰਡਰਗਾਰਟਨ ਤੋਂ ਗ੍ਰੇਡ 12 ਤੱਕ ਵਿਦਿਆਰਥੀ ਦੀ ਸਿਖਲਾਈ ਦੇ ਫੋਕਸ ਦੀ ਰੂਪਰੇਖਾ ਬਣਾਉਂਦਾ ਹੈ ਅਤੇ ਪਾਠਕ੍ਰਮ ਸਮੱਗਰੀ ਦੇ ਵਿਕਾਸ ਬਾਰੇ ਸੂਚਿਤ ਕਰਦਾ ਹੈ।

2024 ਦੀ ਸ਼ੁਰੂਆਤ ਤੋਂ, ਅਲਬਰਟਾ ਐਜੂਕੇਸ਼ਨ ਅਲਬਰਟਾ ਦੇ ਲੋਕਾਂ ਨਾਲ ਜਨਤਕ ਸ਼ਮੂਲੀਅਤ ਸ਼ੁਰੂ ਕਰੇਗੀ, ਜਿੱਥੇ ਉਹਨਾਂ ਕੋਲ K-12 ਸੋਸ਼ਲ ਸਟੱਡੀਜ਼ ਪਾਠਕ੍ਰਮ ਦੇ ਅੰਦਰ ਮੁੱਖ ਸਿੱਖਿਆਵਾਂ ਬਾਰੇ ਫੀਡਬੈਕ ਪ੍ਰਦਾਨ ਕਰਨ ਅਤੇ ਵਾਧੂ ਫੀਡਬੈਕ ਪ੍ਰਦਾਨ ਕਰਨ ਲਈ K-6 ਸੋਸ਼ਲ ਸਟੱਡੀਜ਼ ਪਾਠਕ੍ਰਮ ਦੇ ਡਰਾਫਟ ਨੂੰ ਦੇਖਣ ਦਾ ਮੌਕਾ ਹੋਵੇਗਾ।

2024-25 ਸਕੂਲ ਸਾਲ ਦੌਰਾਨ, ਅਧਿਆਪਕ ਕਲਾਸਰੂਮਾਂ ਵਿੱਚ K-6 ਸੋਸ਼ਲ ਸਟੱਡੀਜ਼ ਪਾਠਕ੍ਰਮ ਦੇ ਸੁਧਾਰੇ ਗਏ ਸੰਸਕਰਣ ਨੂੰ ਪਾਇਲਟ ਕਰਨ ਅਤੇ ਸ਼ਮੂਲੀਅਤ ਦੇ ਅੰਤਮ ਪੜਾਅ ਦੇ ਹਿੱਸੇ ਵਜੋਂ ਹੋਰ ਫੀਡਬੈਕ ਪ੍ਰਦਾਨ ਕਰਨ ਦੇ ਯੋਗ ਹੋਣਗੇ।

ਸ਼ਮੂਲੀਅਤ ਦੀ ਪ੍ਰਕਿਰਿਆ ਦੇ ਵੱਖ-ਵੱਖ ਪੜਾਵਾਂ 'ਤੇ ਸਿੱਖਿਆ ਭਾਈਵਾਲਾਂ ਅਤੇ ਅਲਬਰਟਾਂ ਵਾਸੀਆਂ ਦੇ ਨਾਲ ਸਹਿਯੋਗ ਕਰਨਾ ਯਕੀਨੀ ਬਣਾਏਗਾ ਕਿ ਉਨ੍ਹਾਂ ਦੇ ਗਿਆਨ ਅਤੇ ਦ੍ਰਿਸ਼ਟੀਕੋਣਾਂ ਨੂੰ ਸਹੀ ਸਮੇਂ 'ਤੇ ਵਿਚਾਰਿਆ ਜਾਂਦਾ ਹੈ। ਇਹ ਨਿਸ਼ਾਨਾਬੱਧ ਪਹੁੰਚ ਸਰਕਾਰ ਨੂੰ ਵੱਖ-ਵੱਖ ਹਿੱਸੇਦਾਰਾਂ ਤੋਂ ਸੁਣਨ ਅਤੇ ਪਾਠਕ੍ਰਮ ਦੇ ਵਿਕਾਸ ਅਤੇ ਲਾਗੂ ਕਰਨ ਲਈ ਉਨ੍ਹਾਂ ਦੀ ਮੁਹਾਰਤ ਦਾ ਲਾਭ ਲੈਣ ਦੀ ਇਜਾਜ਼ਤ ਦੇਵੇਗੀ।

## ਮੁੱਖ ਤੱਥ

- ਸੋਸ਼ਲ ਸਟੱਡੀਜ਼ ਕਈ ਸਾਰੇ ਵਿਸ਼ਿਆ ਵਾਲਾ ਵਿਸ਼ਾ ਖੇਤਰ ਹੈ ਜਿਸ ਵਿੱਚ ਇਤਿਹਾਸ, ਭੂਗੋਲ, ਅਰਥ ਸ਼ਾਸਤਰ, ਸਰਕਾਰ ਅਤੇ ਨਾਗਰਿਕ ਸ਼ਾਸਤਰ ਬਾਰੇ ਸਮੱਗਰੀ ਸ਼ਾਮਲ ਹੁੰਦੀ ਹੈ। ਸੋਸ਼ਲ ਸਟੱਡੀਜ਼ ਸਿੱਖਿਆ ਸਕ੍ਰਿਅ, ਸੂਚਿਤ ਅਤੇ ਜ਼ਿੰਮੇਵਾਰ ਨਾਗਰਿਕ ਪੈਦਾ ਕਰ ਸਕਦੀ ਹੈ ਜੋ ਆਪਣੇ ਭਾਈਚਾਰਿਆਂ ਵਿੱਚ ਯੋਗਦਾਨ ਪਾਉਂਦੇ ਹਨ ਅਤੇ ਅਧਿਕਾਰਾਂ, ਜ਼ਿੰਮੇਵਾਰੀਆਂ ਅਤੇ ਫੈਸਲੇ ਲੈਣ ਬਾਰੇ ਜਾਣਕਾਰ ਹੁੰਦੇ ਹਨ।

## ਸੰਬੰਧਿਤ ਜਾਣਕਾਰੀ

K ਤੋਂ 6 ਪਾਠਕ੍ਰਮ ਦਾ ਨਵੀਨੀਕਰਨ